28_Oct_Jalandhar_5, 6, 7, 8.qxd 10/29/2025 12:38 AM Page 1

ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰਦੇ ਹੋਏ ਵਿਅਕਤੀ। ਤਸਵੀਰਾਂ : ਮੁਨੀਸ਼

ਧਾਰਮਿਕ ਸਮਾਗਮ ਦੌਰਾਨ ਬੇਅਦਬੀ ਕਰਨ ਦੇ ਲਗਾਏ ਦੋਸ਼, ਸ਼ਿਕਾਇਤ ਦੇ ਬਾਵਜੂਦ ਕਾਰਵਾਈ ਨਾ ਹੋਣ 'ਤੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਲਗਾਇਆ ਧਰਨਾ

ਫੁੱਟਬਾਲ ਚੌਕ ਨੂੰ ਜਾਮ ਕਰਕੇ ਕੀਤਾ ਪ੍ਰਦਰਸ਼ਨ, ਲੰਮੇ ਸਮੇਂ ਤੱਕ ਆਵਾਜਾਈ ਰਹੀ ਪ੍ਰਭਾਵਿਤ

ਜਲੰਧਰ, 28 ਅਕਤੂਬਰ (ਐੱਮ. ਐੱਸ. ਲੋਹੀਆ)-ਭਗਵਾਨ ਵਾਲਮੀਕਿ ਪ੍ਰਕਾਸ਼ ਉਤਸਵ ਮੌਕੇ ਗੁਲਾਬੀਆਂ ਮੁਹੱਲਾ, ਬਸਤੀ ਸ਼ੇਖ ਵਿਖੇ ਕਰਵਾਏ ਗਏ ਸਤਿਸੰਗ ਅਤੇ ਲੰਗਰ ਦੇ ਪ੍ਰਬੰਧਕਾਂ ਵਲੋਂ ਦੋਸ਼ ਲਗਾਏ ਗਏ ਹਨ ਕਿ ਚੱਲਦੇ ਸਮਾਗਮ ਦੌਰਾਨ ਕੁਝ ਵਿਅਕਤੀਆਂ ਵਲੋਂ ਬੇਅਦਬੀ ਕੀਤੀ ਗਈ ਹੈ, ਜਿਸ ਦੀ ਉਨ੍ਹਾਂ ਪੁਲਿਸ ਨੂੰ ਸ਼ਿਕਾਇਤ ਵੀ ਕੀਤੀ, ਪਰ 15 ਦਿਨ ਤੋਂ ਜ਼ਿਆਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੁਲਿਸ ਪ੍ਰਸ਼ਾਸ਼ਨ ਨੇ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਪ੍ਰਦਰਸ਼ਨਕਾਰੀਆਂ ਦੇ ਆਗੂ ਚੰਦਨ ਖੋਸਲਾ ਨੇ ਕਿਹਾ ਕਿ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਲੈ ਕੇ ਰੋਸ ਵਜੋਂ ਉਨ੍ਹਾਂ ਵਲੋਂ ਫੁੱਟਬਾਲ ਚੌਕ ਵਿਖੇ ਧਰਨਾ ਲਗਾ ਕੇ ਪੁਲਿਸ ਪ੍ਰਸ਼ਾਸ਼ਨ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਮੌਕੇ ਵਾਲਮੀਕਿ ਭਾਈਚਾਰੇ ਦੇ ਆਗੂ ਚੰਦਨ ਗਰੇਵਾਲ, ਰਾਜੇਸ਼ ਭੱਟੀ ਅਤੇ ਹੋਰ ਆਗੂਆਂ ਨੇ ਵੀ ਪ੍ਰਦਰਸ਼ਨ ਕਰ ਰਹੇ ਵਿਅਕਤੀਆਂ ਨੂੰ ਸੰਬੋਧਨ ਕੀਤਾ। ਇਸ ਪ੍ਰਦਰਸ਼ਨ ਦੌਰਾਨ ਬਾਕੀ ਸਫਾ 6 'ਤੇ)

ਭਾਜਪਾ ਕੌਂਸਲਰ ਟੀਟੂ ਦੇ ਵਾਰਡ ਲਈ 1.70 ਕਰੋੜ ਦੇ ਪਾਸ ਕੰਮ ਹੋਰ ਵਾਰਡ ਵਿਚ ਕੀਤੇ ਤਬਦੀਲ

ਨਿਗਮ ਕਮਿਸ਼ਨਰ ਨੂੰ ਦਿੱਤੀ ਸ਼ਿਕਾਇਤ, ਕਿਹਾ ਸ਼ੁੱਕਰਵਾਰ ਤੱਕ ਜਵਾਬ ਨਾ ਮਿਲਿਆ ਤਾਂ ਹਾਈ ਕੋਰਟ ਜਾਵਾਂਗੇ

ਜਲੰਧਰ, 28 ਅਕਤੂਬਰ (ਸ਼ਿਵ)-ਵਾਰਡ ਨੰਬਰ 50 ਦੇ ਭਾਜਪਾ ਦੇ ਕੌਂਸਲਰ ਅਤੇ ਨਿਗਮ ਵਿਚ ਭਾਜਪਾ ਵਿਰੋਧੀ ਧਿਰ ਦੇ ਆਗੂ ਮਨਜੀਤ ਸਿੰਘ ਟੀਟੂ ਦੀ ਅਗਵਾਈ ਵਿਚ ਭਾਜਪਾ ਆਗੂਆਂ ਦੇ ਇੱਕ ਵਫ਼ਦ ਨੇ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੂੰ ਮਿਲ ਕੇ ਆਪਣੇ ਵਾਰਡ ਲਈ ਨਿਗਮ ਹਾਊਸ ਵਿਚੋਂ ਪਾਸ ਕਰਵਾਏ ਗਏ 1.70 ਕਰੋੜ ਦੇ ਕੰਮ ਹੋਰ ਵਾਰਡ ਵਿਚ ਤਬਦੀਲ ਕਰਨ ਦਾ ਦੋਸ਼ ਲਗਾਉਂਦੇ ਹੋਏ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸੰਦੀਪ ਰਿਸ਼ੀ ਨੂੰ ਦਿੱਤੀ ਗਈ ਸ਼ਿਕਾਇਤ ਵਿਚ ਮਨਜੀਤ ਸਿੰਘ ਟੀਟੂ ਨੇ ਕਿਹਾ ਹੈ ਕਿ ਉਨਾਂ ਦੇ 50 ਨੰਬਰ ਵਾਰਡ ਵਿਚ ਭਗਵਾਨ ਵੀਰ ਬਬਗੀਕ ਚੌਕ ਤੋਂ ਭਗਵਾਨ ਵਾਲਮੀਕਿ ਚੌਕ ਤੱਕ 81.66 ਲੱਖ ਤੇ 120 ਫੁੱਟੀ ਰੋਡ 'ਤੇ ਪੈਟਰੋਲ ਪੰਪ ਤੋਂ ਵਾਈਨ ਸ਼ਾਪ ਤੱਕ ਜਿਸ ਦੀ ਲਾਗਤ 89.70 ਲੱਖ ਸੀ, ਉਹ ਪਾਸ ਹੋਏ ਕੰਮ ਬਿਨਾਂ ਕਿਸੇ ਵਾਜਬ ਕਾਰਨ ਦੇ ਕਿਸੇ ਹੋਰ ਇਲਾਕੇ ਵਿਚ ਟਰਾਂਸਫ਼ਰ ਕਰ ਦਿੱਤੇ ਗਏ ਹਨ। ਟੀਟੂ ਨੇ ਦੋਸ਼ ਲਗਾਇਆ ਕਿ ਇਹ ਕਰੋੜਾਂ ਰੁਪਏ ਗੈਰ ਮਨਜ਼ੂਰਸ਼ੁਦਾ ਇਲਾਕੇ ਵਿਚ ਲਗਾਏ ਜਾ ਰਹੇ ਹਨ। ਇਹ ਇਲਾਕਾ ਮੇਅਰ ਵਾਰਡ ਵਿਚ ਪੈਂਦਾ ਹੈ ਉੱਥੇ ਸੜਕ ਵੱਡੇ ਡੰਪ ਸਾਈਟ 'ਤੇ ਜਾਂਦੀ ਹੈ। ਟੀਟੂ ਨੇ ਕਿਹਾ ਕਿ ਬਿਨਾਂ ਹਾਊਸ ਅਤੇ ਪ੍ਰਕਿਰਿਆ ਪੂਰੀ ਕੀਤੇ ਬਿਨਾਂ ਇਸ ਤਰਾਂ ਦੇ ਕੰਮਾਂ ਦੀ ਤਬਦੀਲੀ ਕਰਨਾ ਗ਼ਲਤ ਹੈ। ਇਸ ਮੌਕੇ ਭਾਜਪਾ ਕੌਂਸਲਰ ਅਜੇ ਬੱਬਲ ਨੇ ਦੋਸ਼ ਲਗਾਇਆ ਕਿ ਉਦਘਾਟਨ ਵੀ ਗ਼ਲਤ ਤਰੀਕੇ ਨਾਲ ਕੀਤਾ ਗਿਆ, ਜਿਸ ਬਾਰੇ ਕੌਂਸਲਰਾਂ ਨੂੰ ਵੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਨਾ ਹੀ ਕਿਸੇ ਹਾਊਸ ਦੀ ਮੀਟਿੰਗ ਵਿਚ ਪੇਸ਼ ਕੀਤਾ ਗਿਆ। ਕ੍ਰਿਸ਼ਨਾ ਮੀਣਿਆ ਨੇ ਦੱਸਿਆ ਕਿ ਕਿਸੇ ਵੀ ਸਰਕਾਰੀ ਫ਼ੰਡ ਨਾਲ ਹੋਣ ਵਾਲੇ ਕੰਮ ਲਈ ਪਹਿਲਾਂ ਐਸਟੀਮੇਟ ਬਣਦਾ ਹੈ ਪਰ ਨਿਗਮ ਵੱਲੋਂ ਮਿਲੀਭੁਗਤ ਕਰਕੇ ਇਹ ਕੰਮ ਸ਼ੁਰੂ ਕਰਵਾ ਦਿੱਤਾ ਗਿਆ। ਭਾਜਪਾ ਆਗੂਆਂ ਨੇ ਬਾਕੀ ਸਫਾ 6 'ਤੇ)

ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੂੰ ਮੰਗ-ਪੱਤਰ ਦੇਣ ਮੌਕੇ ਮਨਜੀਤ ਸਿੰਘ ਟੀਟੂ, ਦਰਸ਼ਨ ਭਗਤ, ਅਜੇ ਬੱਬਲ, ਕ੍ਰਿਸ਼ਨਾ ਮੀਣਿਆ ਤੇ ਹੋਰ। ਤਸਵੀਰ: ਜੀ. ਪੀ. ਸਿੰਘ

ਇਕ ਕਰੋੜ ਦੀ ਫਿਰੌਤੀ ਮੰਗਣ ਵਾਲਾ ਮੁਲਜ਼ਮ ਕਾਬੂ, ਦੂਸਰਾ ਸਾਥੀ ਕੈਨੇਡਾ 'ਚ

ਨਕੋਦਰ, 28 ਅਕਤੂਬਰ (ਗੁਰਵਿੰਦਰ ਸਿੰਘ, ਤਿਲਕ ਰਾਜ ਸ਼ਰਮਾ)-ਥਾਣਾ ਸਦਰ ਨਕੋਦਰ ਪੁਲਿਸ ਨੇ ਇਕ ਕਰੋੜ ਦੀ ਮੰਗਣ ਦੇ ਦੋਸ਼ਾਂ ਹੇਠ ਇਕ ਦੋਸ਼ੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਿਸ ਦਾ ਦੂਸਰਾ ਸਾਥੀ ਕੈਨੇਡਾ ਵਿਖੇ ਰਹਿੰਦਾ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸੁਖਪਾਲ ਸਿੰਘ, ਡੀ.ਐੱਸ.ਪੀ ਨਕੋਦਰ ਅਤੇ ਥਾਣਾ ਸਦਰ ਮੁਖੀ ਦਿਲਬਾਗ਼ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀ ਦੀ ਪਛਾਣ ਸੁਖਦੀਪ ਸਿੰਘ ਉਰਫ ਸੁੱਖ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਭੰਡਾਲ ਦੋਨਾ ਥਾਣਾ ਸਦਰ ਕਪੂਰਥਲਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ 20 ਅਕਤੂਬਰ ਨੂੰ ਕਿਸੇ ਨਾ-ਮਾਲੂਮ ਵਿਅਕਤੀ ਵਲੋਂ ਥਾਣਾ ਸਦਰ ਨਕੋਦਰ ਦੇ ਏਰੀਏ ਅਧੀਨ ਇੱਕ ਵਿਅਕਤੀ ਪਾਸੋਂ 1 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ ਅਤੇ ਪੈਸੇ ਨਾ ਦੇਣ ਦੀ ਸੂਰਤ ਵਿੱਚ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਗੋਲੀਆਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਜਿਸ 'ਤੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮੁਕੱਦਮਾ 20 ਅਕਤੂਬਰ ਨੂੰ ਥਾਣਾ ਸਦਰ ਵਿਖੇ ਦਰਜ ਕੀਤਾ ਗਿਆ ਸੀ। ਜਿਸ 'ਤੇ ਸਪੈਸ਼ਲ ਟੀਮ ਬਣਾ ਕੇ ਟੈਕਨੀਕਲ ਤਰੀਕੇ ਨਾਲ ਉਪਰੋਕਤ ਮੁਕੱਦਮੇ ਨੂੰ ਟਰੇਸ ਕਰਕੇ ਏ.ਐੱਸ.ਆਈ ਜਗਤਾਰ ਸਿੰਘ ਨੇ ਦੋਸ਼ੀ ਸੁਖਦੀਪ ਸਿੰਘ ਉਰਫ ਸੁੱਖ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਭੰਡਾਲ ਦੋਨਾ ਥਾਣਾ ਸਦਰ ਕਪੂਰਥਲਾ ਨੂੰ 26 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਸ ਦੇ ਦੂਸਰੇ ਸਾਥੀ ਜਿਸਦੀ ਪਛਾਣ ਮਨਵੀਰ ਸਿੰਘ ਪੱਡਾ ਪੁੱਤਰ ਕਰਮਜੀਤ ਸਿੰਘ ਵਾਸੀ ਭਿਖਾਰੀਵਾਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ, ਜੋ ਇਸ ਵਕਤ ਵਿਦੇਸ਼ ਕੈਨੇਡਾ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਸੁਖਦੀਪ ਸਿੰਘ ਉਰਫ ਸੁੱਖ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਜਿਸ ਪਾਸੋਂ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਨਕੋਦਰ ਸੁਖਪਾਲ ਸਿੰਘ, ਥਾਣਾ ਸਦਰ ਮੁਖੀ ਦਿਲਬਾਗ਼ ਸਿੰਘ, ਥਾਣਾ ਸਿਟੀ ਮੁਖੀ ਹਰਮਿੰਦਰ ਸਿੰਘ ਅਤੇ ਪੁਲਿਸ ਵਲੋਂ ਕਾਬੂ ਦੋਸ਼ੀ। ਤਸਵੀਰ-ਗੁਰਵਿੰਦਰ ਸਿੰਘ

ਜੱਗੂ ਭਗਵਾਨਪੁਰੀਆਂ ਦੇ ਸਾਥੀਆਂ ਤੋਂ ਮਿਲੇ 6 ਹੋਰ ਪਿਸਤੌਲ ਤੇ ਜ਼ਿੰਦਾ ਰੌਂਦ

ਜਲੰਧਰ ਛਾਉਣੀ, 28 ਅਕਤੂਬਰ (ਪਵਨ ਖਰਬੰਦਾ)-ਬੀਤੇ ਦਿਨੀਂ ਥਾਣਾ ਰਾਮਾ ਮੰਡੀ ਦੇ ਅਧੀਨ ਆਉਂਦੇ ਚੁਰਿੱਟੀ ਖੇਤਰ ਵਿਖੇ ਜੂਆ ਲੁੱਟਣ ਦੌਰਾਨ ਗੋਲੀਆਂ ਚਲਾਉਣ ਅਤੇ ਉਸ ਤੋਂ ਬਾਅਦ ਪਿੰਡ ਸਲੇਮਪੁਰ ਮਸੰਦਾਂ ਵਿਖੇ ਪੁਲਿਸ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ ਜੱਗੂ ਭਗਵਾਨਪੁਰੀਆ ਗੈਂਗ ਗਰੋਹ ਦੇ ਮੈਂਬਰ ਮਨਕਰਨ ਸਿੰਘ ਦਿਉਲ ਪੁੱਤਰ ਜਤਿੰਦਰ ਸਿੰਘ ਵਾਸੀ ਕਮਲ ਬਿਹਾਰ ਜਲੰਧਰ, ਸਿਮਰਜੀਤ ਸਿੰਘ ਪੁੱਤਰ ਰਣਜੀਤ ਸਿੰਘ ਤੇ ਜੈਬੀਰ ਸਿੰਘ ਜੈਵੀ ਪੁੱਤਰ ਗੁਰਜੀਤ ਸਿੰਘ ਤੋਂ ਪੁਲਿਸ ਕਮਿਸ਼ਨਰੇਟ ਦੇ ਅਧਿਕਾਰੀਆਂ ਵਲੋਂ 2 ਪਿਸਤੌਲ ਤੇ ਜਿੰਦਾ ਰੌਂਦ ਬਰਾਮਦ ਕੀਤੇ ਗਏ ਸਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਕਾਬੂ ਕੀਤੇ ਗਏ ਦੋਸ਼ੀਆਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਵਲੋਂ 6 ਹੋਰ ਪਿਸਤੌਲ (32 ਬੋਰ) ਅਤੇ ਤਿੰਨ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਮੰਨਿਆ ਹੈ ਕਿ ਉਹ ਜੱਗੂ ਭਗਵਾਨਪੁਰੀਆ ਦੇ ਸਾਥੀ ਹਨ ਤੇ ਉਨ੍ਹਾਂ ਨੇ ਇਹ ਹਥਿਆਰ ਮੱਧ ਪ੍ਰਦੇਸ਼ ਤੋਂ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਂ ਤੋਂ ਹੋਰ ਪੁੱਛਗਿੱਛ ਜਾਰੀ ਹੈ।

ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਤੇ ਬਰਾਮਦ ਕੀਤੇ ਗਏ ਹਥਿਆਰ। ਤਸਵੀਰਾਂ-ਮੁਨੀਸ਼

BHAI MATI DASS COLLEGE OF NURSING
Vill Atta, Canal Road, Goraya, Jalandhar
Contact: 8699510222
Email: bmdcong@gmail.com, Website: bmdnursing.com

Notice

Semi online counselling for leftover seats in ANM & GNM courses (Session 2025-26) for Bhai Mati Dass College of Nursing, Goraya, Jalandhar

It is informed that the process for Semi Online Counselling of leftover seats for Bhai Mati Dass College of Nursing will be conducted at institute level as per following schedule.

Date	Timing
29 Oct, 2025 To 31st Oct, 2025	10:00 AM to 2.00 PM

ਅਪੰਗਤਾ ਵੱਲ ਵਧ ਰਹੇ ਅਧਰੰਗ ਦੇ ਮਰੀਜ਼ ਨੂੰ ਸਿਹਤਯਾਬੀ ਵੱਲ ਲੈ ਜਾਣ 'ਚ ਪੂਰੀ ਤਰ੍ਹਾਂ ਸਮਰੱਥ ਹੈ ਐੱਨ. ਐੱਚ. ਐੱਸ. ਹਸਪਤਾਲ-ਡਾ. ਸੰਦੀਪ ਗੋਇਲ

ਕਿਉਂਕਿ ਅਧਰੰਗ ਦਾ ਦੌਰਾ ਆਉਣ 'ਤੇ ਮਰੀਜ਼ ਲਈ ਹਰ ਪਲ ਮਾਇਨੇ ਰੱਖਦਾ ਹੈ

12 ਸਾਲਾਂ ਤੋਂ ਵੱਧ ਸਮੇਂ ਤੋਂ ਲਗਾਤਾਰ ਅਧਰੰਗ ਦੇ ਮਰੀਜ਼ਾਂ ਨੂੰ ਇਲਾਜ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ, ਐੱਨ.ਐੱਚ.ਐੱਸ. ਹਸਪਤਾਲ ਇਸ ਖੇਤਰ 'ਚ ਇਕ ਭਰੋਸੇਯੋਗ ਨਾਮ ਬਣ ਗਿਆ ਹੈ, ਜੋ ਨਾ ਸਿਰਫ਼ ਆਪਣੀ ਤਕਨਾਲੋਜੀ ਲਈ ਸਗੋਂ ਆਪਣੇ ਟੀਮ ਵਰਕ ਅਤੇ ਹਮਦਰਦੀ ਵਾਲੀ ਦੇਖਭਾਲ ਲਈ ਵੀ ਜਾਣਿਆ ਜਾਂਦਾ ਹੈ। ਖੇਤਰ 'ਚ ਅਧਰੰਗ ਦੇ ਇਲਾਜ ਲਈ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਐੱਨ.ਐੱਚ.ਐੱਸ. ਹਸਪਤਾਲ 'ਚ ਹੁਣ ਹੋਰ ਵੀ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਜਦੋਂ ਅਧਰੰਗ ਦਾ ਦੌਰਾ ਆਉਣ ਤੋਂ ਬਾਅਦ ਕੋਈ ਮਰੀਜ਼ ਹਸਪਤਾਲ ਪਹੁੰਚਦਾ ਹੈ, ਤਾਂ ਉਸ ਨੂੰ ਤੁਰੰਤ ਇਲਾਜ ਲਈ ਸਥਾਪਿਤ ਕੀਤੇ ਵਿਸ਼ੇਸ਼ ਆਈ.ਸੀ.ਯੂ. 'ਚ ਲੈ ਜਾਇਆ ਜਾਂਦਾ ਹੈ, ਜਿਸ 'ਚ ਅਧਰੰਗ ਪ੍ਰਬੰਧਨ ਦੀ ਪ੍ਰਕਿਰਿਆ ਕੇਵਲ ਇਕ ਹੀ ਡਾਕਟਰ 'ਤੇ ਆਧਾਰਿਤ ਨਾ ਹੋ ਕੇ, ਸਗੋਂ ਇਹ ਹਸਪਤਾਲ 'ਚ ਸਥਾਪਿਤ ਕੀਤੀ ਗਈ ਇਕ ਪੂਰੀ ਪ੍ਰਣਾਲੀ ਹੈ, ਜਿਸ ਤਹਿਤ ਅੱਠ ਨਿਊਰੋਲੋਜਿਸਟਾਂ, ਨਿਊਰੋ ਸਰਜਨਾਂ ਅਤੇ ਨਿਊਰੋ-ਐਨੇਸਥੇਟਿਸਟਾਂ ਦੀ ਟੀਮ ਜੋ ਆਪਸੀ-ਤਾਲਮੇਲ ਨਾਲ ਇਕਸੁਰਤਾ 'ਚ ਕੰਮ ਕਰਦੇ ਹਨ। ਉਨ੍ਹਾਂ ਦੁਆਰਾ ਹਫ਼ਤੇ ਦੇ ਸੱਤੋ ਦਿਨ 24 ਘੰਟੇ ਇਲਾਜ ਦੀ ਸਹੂਲਤ ਉਪਲਬਧ ਕੀਤੀ ਗਈ ਹੈ, ਜਿਸ ਨਾਲ ਹੁਣ ਤੱਕ ਐੱਨ. ਐੱਚ. ਐੱਸ. ਹਸਪਤਾਲ 'ਚ ਹਜ਼ਾਰਾਂ ਮਰੀਜ਼ਾਂ ਦਾ ਪੁਨਰਵਾਸ ਸੰਭਵ ਹੋ ਸਕਿਆ ਹੈ।

* ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣਾ

ਡਾ. ਸੰਦੀਪ ਗੋਇਲ, ਡਾਇਰੈਕਟਰ ਅਤੇ ਸੀਨੀਅਰ ਨਿਊਰੋਲੋਜਿਸਟ (ਡੀ.ਐੱਮ., ਨਿਊਰੋਲੋਜੀ), ਦਾ ਕਹਿਣਾ ਹੈ ਕਿ ਐੱਨ.ਐੱਚ.ਐੱਸ. ਹਸਪਤਾਲ 'ਚ ਧਿਆਨ ਸਿਰਫ਼ ਡਾਕਟਰੀ ਸਫ਼ਲਤਾ 'ਤੇ ਹੀ ਨਹੀਂ, ਸਗੋਂ ਮਰੀਜ਼ ਦੀ ਆਮ ਜ਼ਿੰਦਗੀ 'ਚ ਵਾਪਸ ਆਉਣ ਦੀ ਯੋਗਤਾ 'ਤੇ ਵੀ ਹੁੰਦਾ ਹੈ। ਟੀਮ ਇਹ ਮੰਨਦੀ ਹੈ ਕਿ ਜਦੋਂ ਇਕ ਵਿਅਕਤੀ ਨੂੰ ਅਧਰੰਗ ਹੁੰਦਾ ਹੈ, ਤਾਂ ਪੂਰਾ ਪਰਿਵਾਰ ਭਾਵਨਾਤਮਕ, ਸਰੀਰਕ ਅਤੇ ਵਿੱਤੀ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਇਸੇ ਲਈ ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣ ਅਤੇ ਮਰੀਜ਼ ਦੇ ਮਾਣ-ਸਨਮਾਨ ਨੂੰ ਬਹਾਲ ਕਰਨ 'ਤੇ ਕੇਂਦ੍ਰਿਤ ਹੈ। ਉਨ੍ਹਾਂ ਦਾ ਟੀਚਾ, ਅਧਰੰਗ ਦੇ ਹਰ ਮਰੀਜ਼ ਨੂੰ ਹਸਪਤਾਲ ਤੋਂ ਬਾਹਰ ਸੁਤੰਤਰ ਅਤੇ ਸਿਹਤਯਾਬ ਹੋ ਕੇ ਨਿਕਲਣ ਦਾ ਸਭ ਤੋਂ ਵਧੀਆ ਮੌਕਾ ਦੇਣਾ ਹੈ।

* ਅਧਰੰਗ ਦੇ ਮਰੀਜ਼ ਲਈ ਸਮਾਂ ਹੀ ਸਭ ਕੁੱਝ

ਡਾ. ਨਵੀਨ ਚਿਤਕਾਰਾ (ਡਾਇਰੈਕਟਰ ਅਤੇ ਨਿਊਰੋ ਸਰਜਨ, ਐੱਮ. ਸੀ. ਐੱਚ ਨਿਊਰੋਸਰਜਰੀ) ਕਹਿੰਦੇ ਹਨ, ਕਿ ਜਿਸ ਪਲ ਇਕ ਅਧਰੰਗ ਦਾ ਮਰੀਜ਼ ਹਸਪਤਾਲ ਦੀ ਐਮਰਜੈਂਸੀ 'ਚ ਪਹੁੰਚਦਾ ਹੈ, ਉਨ੍ਹਾਂ ਦੀ ਟੀਮ ਨੂੰ ਬਿਲਕੁਲ ਪਤਾ ਹੁੰਦਾ ਹੈ, ਕਿ ਕੀ ਕਰਨਾ ਹੈ। ਉਹ ਤੁਰੰਤ ਬਿਮਾਰੀ ਦਾ ਮੁਲਾਂਕਣ, ਸਕੈਨ ਅਤੇ ਇਲਾਜ ਸ਼ੁਰੂ ਕਰਦੇ ਹਨ। ਇਸ ਤਰ੍ਹਾਂ ਹਰ ਬਚਾਇਆ ਗਿਆ ਪਲ ਲੱਖਾਂ ਦਿਮਾਗੀ ਸੈੱਲਾਂ ਨੂੰ ਸੁਰੱਖਿਅਤ ਰੱਖਦਾ ਹੈ। ਡਾ. ਚਿਤਕਾਰਾ ਨੇ ਕਿਹਾ ਕਿ ਜਦੋਂ ਅਧਰੰਗ ਦੀ ਗੱਲ ਆਉਂਦੀ ਹੈ, ਤਾਂ ਸਮਾਂ ਸਿਰਫ਼ ਮਹੱਤਵਪੂਰਨ ਹੀ ਨਹੀਂ ਹੁੰਦਾ, ਸਗੋਂ ਸਭ ਕੁਝ ਹੁੰਦਾ ਹੈ। ਹਰ ਲੰਘਦਾ ਪਲ ਸਿਹਤਯਾਬੀ ਅਤੇ ਅਪੰਗਤਾ, ਜਾਂ ਇਥੋਂ ਤੱਕ ਕਿ ਜ਼ਿੰਦਗੀ ਅਤੇ ਮੌਤ 'ਚ ਅੰਤਰ ਦਾ ਅਰਥ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐੱਨ. ਐੱਚ. ਐੱਸ. ਹਸਪਤਾਲ ਮਰੀਜ਼ ਦੇ ਆਉਣ ਤੋਂ ਲੈ ਕੇ ਪੁਨਰਵਾਸ ਤੱਕ ਹਰ ਕਿਸਮ ਦੀ ਅਧਰੰਗ ਐਮਰਜੈਂਸੀ ਨੂੰ ਸੰਭਾਲਣ ਲਈ ਤਕਨੀਕੀ ਅਤੇ ਕਲੀਨਿਕਲ ਤੌਰ 'ਤੇ ਪੂਰੀ ਤਰ੍ਹਾਂ ਲੈਸ ਹੈ। ਇਲਾਜ ਲਈ ਸਲਾਹਕਾਰਾਂ 'ਚ 70 ਸਾਲਾਂ ਤੋਂ ਵੱਧ ਸਮੂਹਿਕ ਤਜਰਬਾ ਅਤੇ ਇਕ ਦਹਾਕੇ ਤੋਂ ਵੱਧ ਸਮਰਪਿਤ ਅਧਰੰਗ ਦੀ ਦੇਖਭਾਲ ਦੇ ਨਾਲ, ਐੱਨ. ਐੱਚ. ਐੱਸ. ਹਸਪਤਾਲ ਨੇ ਨਿਊਰੋਸਾਇੰਸ 'ਚ ਉੱਤਮਤਾ ਲਈ ਖੇਤਰੀ ਮਾਪਦੰਡ ਸਥਾਪਤ ਕੀਤਾ ਹੈ।

* ਮਰੀਜ਼ ਦੀ ਸਿਹਤਯਾਬੀ ਲਈ ਸਮੇਂ ਦੇ ਵਿਰੁੱਧ ਦੌੜ

ਡਾ. ਗੋਇਲ ਨੇ ਕਿਹਾ ਕਿ ਪਹਿਲਾਂ ਅਧਰੰਗ ਦੇ ਮਰੀਜ਼ ਨੂੰ ਜਾਂਚ ਅਤੇ ਇਲਾਜ ਸ਼ੁਰੂ ਹੋਣ ਤੱਕ ਲਗ